# 12B ਡਿਸਏਬਿਲਟੀ ਅਲਾਇੰਸ ਬੀ ਸੀ ਹੈਲਪਸ਼ੀਟ

ਬੀ ਸੀ ਡਿਸਏਬਿਲਟੀ ਭੱਤੇ



2024

# ਪੀ ਡਬਲਯੂ ਡੀ ਭੱਤਿਆਂ ਤੋਂ ਓਲਡ ਏਜ ਭੱਤਿਆਂ ’ਤੇ ਤਬਦੀਲੀ

ਇਸ ਹੈਲਪ ਸ਼ੀਟ ਲਈ ਫੰਡ ਲਾਅ ਫਾਉਂਡੇਸ਼ਨ ਔਫ ਬੀ ਸੀ ਤੋਂ ਮਿਲੇ ਹਨ।

ਇਹ ਹੈਲਪ ਸ਼ੀਟ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਪਰਸਨਜ਼ ਵਿਦ ਡਿਸਏਬਿਲਟੀਜ਼ (ਪੀ ਡਬਲਯੂ ਡੀ) ਭੱਤਾ (ਬੈਨੇਫਿਟ) ਲੈਂਦੇ ਹਨ ਅਤੇ ਇਹ ਸੋਚ ਰਹੇ ਹਨ ਕਿ ਜਦੋਂ ਉਹ 65 ਸਾਲ ਦੇ ਹੋ ਜਾਣਗੇ ਤਾਂ ਉਨ੍ਹਾਂ ਦੀ ਆਮਦਨ ਦਾ ਕੀ ਬਣੇਗਾ। ਆਪਣੀ ਆਮਦਨ ਦੀਆਂ ਮਦਦਾਂ ਵਿਚ ਕਿਸੇ ਵੀ ਰੁਕਾਵਟ ਤੋਂ ਬਚਣ ਲਈ ਅਸੀਂ ਉਸ ਕਾਰਵਾਈ ਅਤੇ ਕਦਮਾਂ ਬਾਰੇ ਦੱਸ ਰਹੇ ਹਾਂ ਜਿਨ੍ਹਾਂ ਦੀ ਤੁਸੀਂ ਪਾਲਣਾ ਕਰਨੀ ਹੈ।

## ਮੇਰੇ ਲਈ ਭੱਤੇ ਬਦਲਣੇ ਕਿਉਂ ਜ਼ਰੂਰੀ ਹਨ?

ਪੀ ਡਬਲਯੂ ਡੀ ਭੱਤਿਆਂ ਲਈ ਕਾਨੂੰਨ ਤੁਹਾਡੇ ਤੋਂ ਆਮਦਨ ਦੇ ਹੋਰ ਸ੍ਰੋਤ ਹਾਸਲ ਕਰਨ ਦੀ ਮੰਗ ਕਰਦਾ ਹੈ ਜਿਹੜੇ ਤੁਹਾਡੇ ਲਈ ਉਪਲਬਧ ਹਨ, ਜਿਸ ਵਿਚ ਹੋਰ ਫੈਡਰਲ ਬੈਨੇਫਿਟ ਪ੍ਰੋਗਰਾਮ ਵੀ ਸ਼ਾਮਲ ਹਨ।

65 ਸਾਲ ਦੀ ਉਮਰ ’ਤੇ, ਬਹੁਤ ਸਾਰੇ ਲੋਕ ਫੈਡਰਲ ਇਨਕਮ ਭੱਤਿਆਂ (ਬੈਨੇਫਿਟਸ) ਲਈ ਹੱਕਦਾਰ ਬਣ ਜਾਂਦੇ ਹਨ। ਅਕਸਰ, ਇਹ ਮਹੀਨਾਵਾਰ ਭੱਤੇ ਪੀ ਡਬਲਯੂ ਡੀ ਦੇ ਮਹੀਨਾਵਾਰ ਰੇਟ ਨਾਲੋਂ ਜ਼ਿਆਦਾ ਹੁੰਦੇ ਹਨ। ਜੇ ਓਲਡ ਏਜ ਭੱਤੇ ਜਿਹੜੇ ਲੈਣ ਦੇ ਤੁਸੀਂ ਯੋਗ ਹੋ ਉਸ ਆਮਦਨ ਨਾਲੋਂ ਘੱਟ ਹੋਣ ਜਿਹੜੀ ਤੁਹਾਡੇ ਪਰਿਵਾਰ ਨੂੰ ਪੀ ਡਬਲਯੂ ਡੀ ਤੋਂ ਮਿਲਣੀ ਸੀ ਤਾਂ ਤੁਸੀਂ ਕਮੀ ਪੂਰੀ ਕੀਤੇ ਜਾਣ ਦੇ ਯੋਗ ਹੋਣ ਦੀ ਉਮੀਦ ਰੱਖ ਸਕਦੇ ਹੋ।

## ਮੈਨੂੰ ਕੀ ਕਰਨਾ ਚਾਹੀਦਾ ਹੈ?

ਆਮ ਤੌਰ ’ਤੇ, ਤੁਹਾਡੇ 65 ਸਾਲ ਦੇ ਹੋ ਜਾਣ ਤੋਂ ਪਹਿਲਾਂ, ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ (ਐੱਮ ਐੱਸ ਡੀ ਪੀ ਆਰ) ਚਿੱਠੀ ਰਾਹੀਂ ਜਾਂ ਮਾਈ ਸੈਲਫ ਸਰਵ ਰਾਹੀਂ ਤੁਹਾਨੂੰ ਓਲਡ ਏਜ ਸਕਿਉਰਟੀ (ਓ ਏ ਐੱਸ) ਅਤੇ ਗੁਰਾਂਟਿਡ ਇਨਕਮ ਸਪਲੀਮੈਂਟ (ਜੀ ਆਈ ਐੱਸ) ਲਈ ਅਪਲਾਈ ਕਰਨ ਬਾਰੇ ਯਾਦ ਕਰਵਾਏਗੀ। ਤੁਹਾਨੂੰ 64 ਸਾਲ ਦੇ ਹੋ ਜਾਣ ਤੋਂ ਬਾਅਦ ਦੇ ਮਹੀਨੇ ਵਿਚ ਓ ਏ ਐੱਸ ਲਈ ਅਪਲਾਈ ਕਰਨ ਦੀ ਆਗਿਆ ਹੈ ਅਤੇ ਛੇਤੀ ਅਪਲਾਈ ਕਰਨ ਨਾਲ ਭੱਤਿਆਂ ਦੀ ਨਿਰਵਿਘਨ ਤਬਦੀਲੀ ਯਕੀਨੀ ਬਣਾਉਣ ਵਿਚ ਮਦਦ ਹੋਵੇਗੀ।

ਕੁਝ ਕੇਸਾਂ ਵਿਚ, ਤੁਸੀਂ ਓ ਏ ਐੱਸ ਅਤੇ ਜੀ ਆਈ ਐੱਸ ਲਈ ਆਪਣੇ ਆਪ ਤਬਦੀਲ ਹੋਣ ਦੇ ਯੋਗ ਹੋ ਸਕਦੇ ਹੋ। ਜੇ ਤੁਸੀਂ ਆਪਣੇ ਆਪ ਤਬਦੀਲ ਹੋਣ ਲਈ ਯੋਗ ਹੋਵੋ ਤਾਂ ਸਰਵਿਸ ਕੈਨੇਡਾ ਤੁਹਾਨੂੰ 64 ਸਾਲ ਦੇ ਹੋ ਜਾਣ ਤੋਂ ਬਾਅਦ ਦੇ ਮਹੀਨੇ ਵਿਚ ਇਕ ਚਿੱਠੀ ਭੇਜੇਗਾ। ਜੇ ਤੁਸੀਂ ਆਪਣੇ ਆਪ ਤਬਦੀਲ ਹੋਣ ਦੇ ਯੋਗ ਨਾ ਹੋਵੋ ਤਾਂ ਤੁਹਾਨੂੰ ਓਲਡ ਏਜ ਸਕਿਉਰਟੀ ਪੈਨਸ਼ਨ ਅਤੇ ਗੁਰਾਂਟਿਡ ਇਨਕਮ ਸਪਲੀਮੈਂਟ ਲਈ ਐਪਲੀਕੇਸ਼ਨ ਦੀ ਵਰਤੋਂ ਕਰਕੇ ਅਪਲਾਈ ਕਰਨ ਦੀ ਲੋੜ ਪਵੇਗੀ ਜਿਹੜੀ ਔਨਲਾਈਨ ਜਾਂ ਸਰਵਿਸ ਕੈਨੇਡਾ ਦੇ ਕਿਸੇ ਦਫਤਰ ਤੋਂ ਲਈ ਜਾ ਸਕਦੀ ਹੈ।

disability alliance bc

**ਡਿਸਏਬਿਲਟੀ ਅਲਾਇੰਸ ਬੀ ਸੀ**

ਇਸ ਹੈਲਪ ਸ਼ੀਟ ਵਿਚਲੀ ਜਾਣਕਾਰੀ ਉਸ ਕਾਨੂੰਨ ’ਤੇ ਆਧਾਰਿਤ ਹੈ ਜਿਹੜਾ ਇਸ ਲਿਖਤ ਨੂੰ ਲਿਖਣ ਵੇਲੇ ਸੀ। ਕਾਨੂੰਨ ਅਤੇ ਪੌਲਸੀ ਬਦਲ ਸਕਦੇ ਹਨ। ਕਿਰਪਾ ਕਰਕੇ ਇਸ ਹੈਲਪ ਸ਼ੀਟ ’ਤੇ ਤਾਰੀਕ ਚੈੱਕ ਕਰੋ।

ਆਪਣੇ ਟੈਕਸ ਦੇ ਪੇਪਰ ਭਰਨੇ ਯਾਦ ਰੱਖੋ ਕਿਉਂਕਿ ਓ ਏ ਐੱਸ, ਜੀ ਆਈ ਐੱਸ, ਅਤੇ ਸੂਬਾਈ ਹੈਲਥ ਭੱਤਿਆਂ ਲਈ ਯੋਗਤਾ ਦੇ ਮਸਲਿਆਂ ਤੋਂ ਬਚਣ ਲਈ ਤੁਹਾਡੇ ਲਈ ਆਪਣੇ ਟੈਕਸ ਦੇ ਪੇਪਰ ਸਮੇਂ ਸਿਰ ਭਰਨ ਦੀ ਲੋੜ ਹੈ।

ਐੱਮ ਐੱਸ ਡੀ ਪੀ ਆਰ ਅਕਸਰ ਤੁਹਾਨੂੰ ਇਹ ਪੱਕਾ ਕਰਨ ਲਈ ਕਹਿੰਦੀ ਹੈ ਕਿ ਤੁਸੀਂ ਫੈਡਰਲ ਭੱਤਿਆਂ ਲਈ ਅਪਲਾਈ ਕੀਤਾ ਹੈ ਅਤੇ/ਜਾਂ ਤੁਸੀਂ ਪ੍ਰਵਾਨ ਹੋ ਗਏ ਹੋ। ਜੇ ਤੁਸੀਂ ਇਹ ਨਹੀਂ ਕਰਦੇ ਤਾਂ ਤੁਸੀਂ ਪੀ ਡਬਲਯੂ ਡੀ ਲਈ ਅਯੋਗ ਬਣ ਸਕਦੇ ਹੋ। ਆਪਣੀ ਯੋਗਤਾ ਦੇ ਮਸਲਿਆਂ ਤੋਂ ਬਚਣ ਦਾ ਇਕ ਚੰਗਾ ਤਰੀਕਾ, ਫੈਡਰਲ ਭੱਤਿਆਂ ਲਈ ਅਪਲਾਈ ਕਰਨ ਵੇਲੇ ਜਿਹੜੇ ਤਸਦੀਕ ਕੀਤੇ ਜਾਣ ਵਾਲੇ (ਕਨਫਰਮੇਸ਼ਨ) ਪੇਪਰ ਤੁਹਾਨੂੰ ਮਿਲੇ ਸਨ, ਉਨ੍ਹਾਂ ਦੀਆਂ ਕਾਪੀਆਂ ਰੱਖਣਾ ਹੈ ਤਾਂ ਜੋ ਮੰਗੇ ਜਾਣ ’ਤੇ ਤੁਸੀਂ ਇਹ ਦੇ ਸਕੋ।

## ਕੀ ਮੈਨੂੰ ਮੇਰੇ ਪੀ ਡਬਲਯੂ ਡੀ ਹੈਲਥ ਭੱਤੇ ਮਿਲਣਾ ਜਾਰੀ ਰਹਿੰਦੇ ਹਨ?

ਜੇ ਫੈਡਰਲ ਓਲਡ ਏਜ ਬੈਨੇਫਿਟ ਲਈ ਯੋਗ ਹੋਣ ਦੇ ਨਤੀਜੇ ਵਜੋਂ ਤੁਹਾਨੂੰ ਪੀ ਡਬਲਯੂ ਡੀ ਦੀ ਆਮਦਨ ਮਿਲਣੀ ਬੰਦ ਹੋ ਜਾਂਦੀ ਹੈ ਤਾਂ ਐੱਮ ਐੱਸ ਡੀ ਪੀ ਆਰ ਤੁਹਾਡੀ ਫਾਇਲ ਮੈਡੀਕਲ ਸਰਵਿਸਿਜ਼ ਓਨਲੀ (ਐੱਮ ਐੱਸ ਓ) ਦੇ ਦਰਜੇ ’ਤੇ ਤਬਦੀਲ ਕਰ ਦੇਵੇਗੀ। ਜੇ ਤੁਹਾਡਾ ਸਪਾਉਸ (ਪਤਨੀ/ਪਤੀ) 65 ਸਾਲ ਤੋਂ ਘੱਟ ਉਮਰ ਦਾ ਹੈ ਤਾਂ ਤੁਹਾਡਾ ਪਰਿਵਾਰ ਐੱਮ ਐੱਸ ਓ ਭੱਤੇ ਰੱਖਣ ਲਈ ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਪ੍ਰੀਮੀਅਮ ਅਸਿਸਟੈਂਸ ਲਈ ਜ਼ਰੂਰ ਹੀ ਯੋਗ ਹੋਵੇਗਾ। ਇਸ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿ ਐੱਮ ਐੱਸ ਓ ਭੱਤਿਆਂ ਰਾਹੀਂ ਕੀ ਉਪਲਬਧ ਹੈ ਅਤੇ ਕੀ ਨਹੀਂ ਉਪਲਬਧ ਹੈ ਸਾਡੀ ਹੈਲਪ ਸ਼ੀਟ 7 ਦੇਖੋ।

## ਕੀ ਮੈਂ ਬੱਸ ਪਾਸ ਲਈ ਯੋਗ ਹੋਵਾਂਗਾ/ਹੋਵਾਂਗੀ?

ਜੇ ਤੁਸੀਂ ਜੀ ਆਈ ਐੱਸ ਲੈ ਰਹੇ ਹੋ ਜਾਂ 65 ਸਾਲ ਤੋਂ ਵੱਧ ਉਮਰ ਦੇ ਹੋ, ਅਤੇ ਜੀ ਆਈ ਐੱਸ ਲਈ ਯੋਗ ਹੋਵੋਗੇ, ਪਰ ਕੈਨੇਡਾ ਦੀ ਰਿਹਾਇਸ਼ ਦਾ 10 ਸਾਲਾਂ ਦਾ ਨਿਯਮ ਪੂਰਾ ਨਹੀਂ ਕਰਦੇ ਤਾਂ ਤੁਸੀਂ $45/ਸਲਾਨਾ ਬੱਸ ਪਾਸ ਲਈ ਯੋਗ ਹੋਵੋਗੇ। 1-866-866-0800 ਨੂੰ ਫੋਨ ਕਰੋ ਜਾਂ ਹਿਦਾਇਤਾਂ ਦੀ ਪਾਲਣਾ ਕਰੋ ਅਤੇ https://tinyurl.com/ybutqcet. ’ਤੇ ਲਿੰਕਾਂ ਦੀ ਵਰਤੋਂ ਕਰੋ।

## ਮੈਨੂੰ ਉਨ੍ਹਾਂ ਓਲਡ ਏਜ ਭੱਤਿਆਂ ਬਾਰੇ ਜ਼ਿਆਦਾ ਦੱਸੋ ਜਿਹੜੇ ਲੈਣ ਦੇ ਮੈਂ ਯੋਗ ਹੋ ਸਕਦਾ/ਸਕਦੀ ਹਾਂ?

ਕੁਝ ਪ੍ਰੋਗਰਾਮ ਜਿਹੜੇ ਤੁਸੀਂ ਲੈਣ ਦੇ ਯੋਗ ਹੋ ਸਕਦੇ ਹੋ ਉਨ੍ਹਾਂ ਵਿਚ ਸ਼ਾਮਲ ਹਨ:

### ਓਲਡ ਏਜ ਸਕਿਉਰਟੀ

ਓਲਡ ਏਜ ਸਕਿਉਰਟੀ, ਕੈਨੇਡਾ ਦੇ ਉਨ੍ਹਾਂ ਸਿਟੀਜ਼ਨਾਂ ਅਤੇ ਕਾਨੂੰਨੀ ਵਸਨੀਕਾਂ ਲਈ ਫੈਡਰਲ ਸਰਕਾਰ ਦੇ ਫੰਡਾਂ ਨਾਲ ਮਿਲਣ ਵਾਲੀ ਇਕ ਮਹੀਨਾਵਾਰ ਪੈਨਸ਼ਨ ਹੈ ਜਿਨ੍ਹਾਂ ਦੀ ਉਮਰ 65 ਸਾਲ ਹੋ ਗਈ ਹੈ। ਤੁਹਾਡੇ ਲਈ ਰਿਹਾਇਸ਼ ਦੀਆਂ ਸ਼ਰਤਾਂ ਪੂਰੀਆਂ ਕਰਨਾ ਜਾਂ ਕਿਸੇ ਅਜਿਹੇ ਦੇਸ਼ ਵਿਚ ਰਹੇ ਅਤੇ ਕੰਮ ਕੀਤਾ ਹੋਣਾ ਜ਼ਰੂਰੀ ਹੈ ਜਿਸ ਦਾ ਕੈਨੇਡਾ ਨਾਲ ਸੋਸ਼ਲ ਸਕਿਉਰਟੀ ਐਗਰੀਮੈਂਟ ਹੈ। ਇਨ੍ਹਾਂ ਦੇਸ਼ਾਂ ਦੀ ਲਿਸਟ ਅਤੇ ਹਰ ਇਕ ਲਈ ਐਪਲੀਕੇਸ਼ਨ ਫਾਰਮ ਲਈ ਰੈਵੇਨਿਊ ਕੈਨੇਡਾ ਦਾ ਵੈੱਬਸਾਈਟ ਦੇਖੋ: https://www.canada.ca/en/revenue-agency/services/tax/canada-pension-plan-cpp-employment-insurance-ei-rulings/international-social-security-agreements-canada-pension-plan/what-purpose-international-social-security-agreements.html#tbl.

### ਗੁਰਾਂਟਿਡ ਇਨਕਮ ਸਪਲੀਮੈਂਟ

ਗੁਰਾਂਟਿਡ ਇਨਕਮ ਸਪਲੀਮੈਂਟ (ਜੀ ਆਈ ਐੱਸ), ਓਲਡ ਏਜ ਸਕਿਉਰਟੀ (ਓ ਏ ਐੱਸ) ਲੈਣ ਵਾਲੇ ਉਨ੍ਹਾਂ ਲੋਕਾਂ ਨੂੰ ਮਹੀਨਾਵਾਰ ਟੈਕਸ ਨਾ ਲੱਗਣਯੋਗ ਬੈਨੇਫਿਟ ਪ੍ਰਦਾਨ ਕਰਦਾ ਹੈ ਜਿਨ੍ਹਾਂ ਦੀ ਆਮਦਨ ਘੱਟ ਹੁੰਦੀ ਹੈ ਅਤੇ ਉਹ ਕੈਨੇਡਾ ਵਿਚ ਰਹਿੰਦੇ ਹਨ।

## ਸੀਨੀਅਰਜ਼ ਸਪਲੀਮੈਂਟ

ਸੀਨੀਅਰਜ਼ ਸਪਲੀਮੈਂਟ ਘੱਟ ਆਮਦਨ ਵਾਲੇ ਉਨ੍ਹਾਂ ਸੀਨੀਅਰਾਂ (ਬਿਰਧਾਂ) ਲਈ ਇਕ ਮਹੀਨਾਵਾਰ ਅਦਾਇਗੀ ਹੈ ਜਿਹੜੇ ਫੈਡਰਲ ਓਲਡ ਏਜ ਸਕਿਉਰਟੀ ਅਤੇ ਗੁਰਾਂਟਿਡ ਇਨਕਮ ਸਪਲੀਮੈਂਟ ਲੈ ਰਹੇ ਹਨ। ਜੇ ਕਿਸੇ ਯੋਗ ਸੀਨੀਅਰ ਦੀ ਆਮਦਨ ਦਾ ਪੱਧਰ ਸੂਬੇ ਵਲੋਂ ਗਾਰੰਟੀ ਕੀਤੇ ਗਏ ਪੱਧਰ ਨਾਲੋਂ ਹੇਠਾਂ ਚਲਾ ਜਾਂਦਾ ਹੈ ਤਾਂ ਇਹ ਫਰਕ ਪੂਰਾ ਕਰਨ ਲਈ ਸਪਲੀਮੈਂਟ ਦਿੱਤਾ ਜਾਂਦਾ ਹੈ। ਸੀਨੀਅਰਾਂ ਨੂੰ ਇਸ ਲਈ ਅਪਲਾਈ ਕਰਨ ਦੀ ਲੋੜ ਨਹੀਂ ਹੈ – ਇਹ ਆਪਣੇ ਆਪ ਦਿੱਤਾ ਜਾਂਦਾ ਹੈ। ਬੀ ਸੀ, ਜੀ ਆਈ ਐੱਸ ਅਤੇ ਓ ਏ ਐੱਸ ਲਈ ਯੋਗ ਘੱਟ ਆਮਦਨ ਵਾਲੇ ਸਿੰਗਲ ਸੀਨੀਅਰਾਂ ਲਈ ਮਹੀਨੇ ਦੀ $1,878.11 ਆਮਦਨ ਦੀ ਗਾਰੰਟੀ ਦਿੰਦਾ ਹੈ। ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਜਿੱਥੇ ਇਕ ਬਾਲਗ ਨੂੰ ਸਿਰਫ ਜੀ ਆਈ ਐੱਸ/ਓ ਏ ਐੱਸ ਅਲਾਊਂਸ, ਅਤੇ ਸੀਨੀਅਰਜ਼ ਸਪਲੀਮੈਂਟ ਮਿਲਦਾ ਹੈ, ਅਤੇ ਪਰਿਵਾਰ ਨੂੰ ਮਨਿਸਟਰੀ ਤੋਂ ਫਰਕ ਪੂਰਾ ਕਰਨ ਲਈ ਪੈਸੇ (ਟੌਪ-ਅੱਪ) ਮਿਲਦੇ ਹਨ, ਸਿਸਟਮ ਆਪਣੇ ਆਪ ਹੀ ਉਨ੍ਹਾਂ ਦੀ ਅਸਿਸਟੈਂਸ ਵਿੱਚੋਂ ਇਹ ਪੇਮੈਂਟਾਂ ਕੱਟ ਲਵੇਗਾ ਅਤੇ ਕੋਈ ਵੀ ਰਹਿੰਦੀ ਹੱਕਦਾਰੀ ਮਨਿਸਟਰੀ ਵਲੋਂ ਫਰਕ ਪੂਰਾ ਕਰਨ ਵਜੋਂ ਜਾਰੀ ਕੀਤੀ ਜਾਵੇਗੀ।

## ਕੈਨੇਡਾ ਪੈਨਸ਼ਨ ਪਲੈਨ

ਕੈਨੇਡਾ ਪੈਨਸ਼ਨ ਪਲੈਨ ਉਨ੍ਹਾਂ ਲੋਕਾਂ ਲਈ ਇਕ ਰਿਟਾਇਰਮੈਂਟ ਪੈਨਸ਼ਨ ਹੈ ਜਿਨ੍ਹਾਂ ਨੇ ਤਨਖਾਹਦਾਰ ਰੁਜ਼ਗਾਰ ਰਾਹੀਂ ਪਲੈਨ ਵਿਚ ਯੋਗਦਾਨ ਪਾਇਆ ਹੈ। ਤੁਹਾਨੂੰ ਮਿਲਣ ਵਾਲੀ ਰਕਮ ਦਾ ਫੈਸਲਾ ਉਸ ਯੋਗਦਾਨ ਦੀ ਮਾਤਰਾ ਮੁਤਾਬਕ ਕੀਤਾ ਜਾਵੇਗਾ ਜਿਹੜੇ ਤੁਸੀਂ ਕੰਮ ਕਰਨ ਵੇਲੇ ਪਾਏ ਸਨ। ਜੇ ਤੁਸੀਂ 65 ਸਾਲ ਦੇ ਹੋ ਜਾਣ ਵੇਲੇ ਸੀ ਪੀ ਪੀ ਡਿਸਏਬਿਲਟੀ ਜਾਂ ਸੀ ਪੀ ਪੀ ਅਰਲੀ ਰਿਟਾਇਰਮੈਂਟ ਭੱਤਿਆਂ ’ਤੇ ਹੋ ਤਾਂ ਇਹ ਆਪਣੇ ਆਪ ਹੀ ਸੀ ਪੀ ਪੀ ਰਿਟਾਇਰਮੈਂਟ ਪੈਨਸ਼ਨ ਵਿਚ ਬਦਲ ਜਾਣਗੇ।

# ਖਾਸ ਹਾਲਤਾਂ

ਜੇ ਤੁਸੀਂ ਘੱਟੋ ਘੱਟ 10 ਸਾਲਾਂ ਲਈ ਕੈਨੇਡਾ ਵਿਚ ਨਹੀਂ ਰਹੇ ਹੋ ਤਾਂ ਤੁਸੀਂ ਓ ਏ ਐੱਸ ਅਤੇ ਜੀ ਆਈ ਐੱਸ ਭੱਤਿਆਂ ਲਈ ਯੋਗ ਨਹੀਂ ਹੋ ਸਕਦੇ ਹੋ। ਜੇ ਕੇਸ ਅਜਿਹਾ ਹੈ ਤਾਂ ਤੁਸੀਂ ਪੀ ਡਬਲਯੂ ਡੀ ਭੱਤੇ ਜਾਰੀ ਰੱਖਣ ਦੇ ਯੋਗ ਹੋ ਸਕਦੇ ਹੋ। ਜ਼ਿਆਦਾ ਜਾਣਕਾਰੀ ਲਈ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ ਨਾਲ 1-866-866-0800 ’ਤੇ ਸੰਪਰਕ ਕਰੋ।

**ਇਹ ਹੈਲਪ ਸ਼ੀਟ ਡਿਸਏਬਿਲਟੀ ਅਲਾਇੰਸ ਬੀ ਸੀ ਦੇ ਇਕ ਪ੍ਰੋਗਰਾਮ ਐਡਵੋਕੇਸੀ ਐਕਸੈੱਸ ਵਲੋਂ ਤਿਆਰ ਕੀਤੀ ਗਈ ਸੀ। ਇਸ ਹੈਲਪ ਸ਼ੀਟ ਲਈ ਫੰਡ ਦੇਣ ਵਾਸਤੇ ਲਾਅ ਫਾਉਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ਦਾ ਧੰਨਵਾਦ।**

1450-605 Robson St., Vancouver, BC V6B 5J3 • ਟੈਲੀਫੋਨ: 604-872-1278 • ਫੈਕਸ: 604-875-9227
ਟੋਲ ਫਰੀ: 1-800-663-1278 • www.disabilityalliancebc.org

ਹੈਲਪ ਸ਼ੀਟਾਂ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ:
www.disabilityalliancebc.org/publications.